ਕੈਲੀਫੋਰਨੀਆ ਰਾਜ- ਸਿਹਤ ਅਤੇ ਮਨੁੱਖੀ ਸੇਵਾਵਾਂ ਦੀ ਏਜੰਸੀ

# ਕੈਲੀਫੋਰਨੀਆਂ ਡਿਪਾਰਟਮੇਂਟ ਔਫ਼ ਪਬਲਿਕ ਹੈਲਥ

ਥਾਮਸ ਜੇ. ਆਰਗੌਨ, ਐਮ.ਡੀ., ਡਾ.ਪੀ.ਐਚ.
ਡਾਇਰੈਕਟਰ ਅਤੇ ਰਾਜ ਦੇ ਜਨਤਕ ਸਿਹਤ ਅਧਿਕਾਰੀ

ਗੈਵਿਨ ਨਿਊਸਮ
ਗਵਰਨਰ

12 ਜੁਲਾਈ, 2023

**ਇਨ੍ਹਾਂ ਲਈ:**
ਸਰਕਾਰੀ ਸਿਹਤ ਵਿਭਾਗ

**ਵਿਸ਼ਾ:**
ਕੰਮ ਦੀ ਥਾਂ ਵਿਖੇ COVID-19 ਮਾਮਲਿਆਂ ਅਤੇ ਮਹਾਂਮਾਰੀ ਦੇ ਲਈ ਪ੍ਰਤੀਕਿਰਿਆ ਕਰਨਾ

**ਸੰਬੰਧਿਤ ਸਮੱਗਰੀਆਂ:** ਕਰਮਚਾਰੀਆਂ ਅਤੇ ਕੰਮ ਦੀ ਥਾਂ ਬਾਰੇ ਹੋਰ ਦਿਸ਼ਾ-ਨਿਰਦੇਸ਼ | ਸਾਰੇ ਮਾਰਗਦਰਸ਼ਨ | ਹੋਰ ਭਾਸ਼ਾਵਾਂ

**12 ਜੁਲਾਈ, 2023 ਤੱਕ ਦੇ ਅੱਪਡੇਟਸ:**

- Cal/OSHA COVID-19 ਰੋਕਥਾਮ ਗੈਰ-ਸੰਕਟਕਾਲੀ ਨਿਯਮਾਂ ਨਾਲ ਸੰਬੰਧਿਤ ਨਵੇਂ ਸੋਮੇ।
- ਪ੍ਰਕੋਪ ਦੀ ਰਿਪੋਰਟਿੰਗ ਅਤੇ ਦਿਸ਼ਾ-ਨਿਰਦੇਸ਼ ਲਈ ਅਪਡੇਟ ਕੀਤੇ ਗਏ ਹਵਾਲੇ।
- ਅਪਡੇਟ ਕੀਤੀਆਂ ਗਈਆਂ ਸਿਫ਼ਾਰਿਸ਼ਾਂ ਅਤੇ ਮਾਸਕ ਪਾਉਣ ਸੰਬੰਧੀ ਲਿੰਕ।

## ਸਥਾਨਕ ਸਿਹਤ ਵਿਭਾਗਾਂ ਦੇ ਲਈ ਸੋਮਾ ਗਾਈਡ

### *ਸਮੀਖਿਆ*

COVID-19 ਮਹਾਂਮਾਰੀ ਦੇ ਦੌਰਾਨ, ਕੈਲੀਫੋਰਨੀਆ ਦੀਆਂ ਕੰਮ ਦੀਆਂ ਥਾਂਵਾਂ ਵਿਖੇ ਕਰਮਚਾਰੀਆਂ ਵਿੱਚ COVID-19 ਦੇ ਮਾਮਲੇ ਅਤੇ ਮਹਾਂਮਾਰੀ ਦੇਖੀ ਗਈ ਹੈ। ਸਥਾਨਕ ਸਿਹਤ ਵਿਭਾਗ ਕੰਮ ਦੀਆਂ ਥਾਂਵਾਂ ਵਿਖੇ COVID-19 ਦਾ ਹੱਲ ਕਰਨ ਦੇ ਲਈ ਰੋਜ਼ਗਾਰਦਾਤਾਵਾਂ ਦੇ ਨਾਲ ਮਿਲ ਕੇ ਕੰਮ ਕਰਨ ਵਿੱਚ ਮਹੱਤਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਸੋਮਾ ਦਸਤਾਵੇਜ਼ ਨੂੰ ਸਥਾਨਕ ਸਿਹਤ ਵਿਭਾਗਾਂ (LHD) ਨੂੰ ਆਪਣੇ ਅਧਿਕਾਰ ਖੇਤਰਾਂ ਵਿੱਚ ਕਰਮਚਾਰੀਆਂ ਦੀ ਸਹਾਇਤਾ ਕਰਨ ਦੇ ਲਈ ਸਰਵੋਤਮ ਅਭਿਆਸ ਅਤੇ ਸਾਧਨ ਮੁਹੱਈਆ ਕਰਵਾਉਣ ਦੇ ਲਈ ਤਿਆਰ ਕੀਤਾ ਗਿਆ ਸੀ, ਜਿੰਨਾਂ ਨੇ ਕੰਮ ਦੀਆਂ ਥਾਂਵਾਂ ਵਿਖੇ COVID-19 ਦੇ ਮਾਮਲਿਆਂ ਦੀ ਪਛਾਣ ਕੀਤੀ ਹੈ।

### *ਕਨੂੰਨੀ ਅਤੇ ਨਿਯੰਤਰਨ ਜ਼ਰੂਰਤਾਂ*

ਰੋਜ਼ਗਾਰਦਾਤਾਵਾਂ ਲਈ ਕੰਮ ਵਾਲੀ ਥਾਂ ‘ਤੇ COVID-19 ਦੇ ਫੈਲਣ ਬਾਰੇ LHDs ਨੂੰ ਸੂਚਿਤ ਕਰਨ ਸੰਬੰਧੀ ਪਿਛਲੀ ਰਾਜਵਿਆਪੀ ਜ਼ਰੂਰਤਾਂ ਹੁਣ ਲਾਗੂ ਨਹੀਂ ਹਨ। ਹਾਲਾਂਕਿ, ਜੇ ਲੋੜੀਦੀ ਹੋਵੇ, ਤਾਂ LHDs ਇੱਕ ਸਥਾਨਕ ਆਰਡਰ ਰਾਹੀਂ, ਇੱਛਿਤ ਹੋਣ ਤੇ, ਆਪਣੇ ਭਾਈਚਾਰਿਆਂ ਵਿੱਚ ਰੁਜ਼ਗਾਰਦਾਤਾਵਾਂ ਨੂੰ

ਲੋੜੀਂਦੀ ਜਾਂ ਸਿਫ਼ਾਰਿਸ਼ੀ ਰਿਪੋਰਟ ਥ੍ਰੈਸ਼ਹੋਲਡਾਂ ਲਈ ਉਤਸ਼ਾਹਤ ਕਰ ਸਕਦਾ ਹੈ। LHD (CDPH) COVID-19 ਪ੍ਰਕੋਪ ਦੀ ਪਰਿਭਾਸ਼ਾ ਅਤੇ ਰਿਪੋਰਟਿੰਗ ਸੇਧ ਪ੍ਰਾਪਤ ਕਰਨ ਬਾਰੇ ਵਧੇਰੇ ਸਿਫਾਰਸ਼ਾਂ ਲਈ ਕੈਲੀਫੋਰਨੀਆ ਦੇ ਪਬਲਿਕ ਹੈਲਥ ਵਿਭਾਗ ਕੋਲ ਰੈਫ਼ਰ ਕਰ ਸਕਦਾ ਹੈ।

ਰੁਜ਼ਗਾਰਦਾਤਾਵਾਂ ਨੂੰ LHD ਦੁਆਰਾ COVID-19 ਕੇਸਾਂ ਜਾਂ ਕੰਮ ਦੇ ਸਥਾਨ ਵਿੱਚ ਫੈਲਣ ਵਾਲੇ ਪ੍ਰਕੋਪਾਂ ਦੀ ਕੋਈ ਜਾਣਕਾਰੀ ਪ੍ਰਦਾਨ ਕਰਨਾ ਲਾਜ਼ਮੀ ਹੈ ਜਿਵੇਂ ਕਿ CDPH AB 685 ਪ੍ਰਕੋਪ ਦੀ ਰਿਪੋਰਟਿੰਗ ਸੰਬੰਧੀ ਲੋੜਾਂ ਵਿੱਚ ਵੇਰਵਾ ਦਿੱਤਾ ਗਿਆ ਹੈ।

ਗੈਰ-ਸਿਹਤ ਸੰਭਾਲ ਕੰਮ ਦੀਆਂ ਥਾਂਵਾਂ ਵਿੱਚ, ਰੁਜ਼ਗਾਰਦਾਤਾ ਇਹ ਸੁਨਿਸ਼ਚਿਤ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ ਕਿ ਉਨ੍ਹਾਂ ਦੇ ਕਰਮਚਾਰੀ ਦੀ ਰੱਖਿਆ ਕਰਨ ਲਈ ਉਨ੍ਹਾਂ ਦੀਆਂ ਗਤੀਵਿਧੀਆਂ Cal/OSHA COVID-19 ਰੋਕਥਾਮ ਗੈਰ-ਐਮਰਜੈਂਸੀ ਨਿਯਮਾਂ (COVID-19 ਰੋਕਥਾਮ ਦੇ ਨਿਯਮ) ਨਾਲ ਸੁਸੰਗਤ ਹਨ। ਰੁਜ਼ਗਾਰਦਾਤਾਵਾਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਨਿਯਾਮਕ ਭਾਸ਼ਾ, ਅਕਸਰ ਪੁੱਛੇ ਜਾਣ ਵਾਲੇ ਸਵਾਲ, ਅਤੇ COVID-19 ਰੋਕਥਾਮ ਸੰਬੰਧੀ ਨਿਯਮਾਂ ਦਾ ਵੈੱਬਪੇਜ਼ ਤੋਂ ਸਲਾਹ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਸੋਮਾ ਗਾਈਡ Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਦੀਆਂ ਵਿਆਪਕ ਜ਼ਰੂਰਤਾਂ ਨੂੰ ਮੁੜ ਨਿਰਧਾਰਤ ਕਰਨ ਲਈ ਨਹੀਂ ਹੈ।

ਇਹ ਸੋਮਾ ਗਾਈਡ ਸਿਹਤ ਸੰਭਾਲ, ਸੁਧਾਰਕ, ਪਨਾਹ, ਜਾਂ ਹੋਰ ਕੰਮ ਦੀਆਂ ਥਾਂਵਾਂ ਦੀਆਂ ਸੈਟਿੰਗਾਂ ਵਿੱਚ ਸ਼ਾਮਲ ਕਰਨ ਜਾਂ ਰੋਕਣ ਦੀ ਵਰਤੋਂ ਲਈ ਵੀ ਨਹੀਂ ਹੈ ਜਿੱਥੇ Cal/OSHA ਦੇ ਐਰੋਸੋਲ ਟ੍ਰਾਂਸਮੇਬਲ ਰੋਗ (ATD) ਮਿਆਰ (ਟਾਈਟਲ 8, ਧਾਰਾ 5199) ਲਾਗੂ ਹੁੰਦੇ ਹਨ।

ਨਾਲ ਹੀ LHDs ਰੁਜ਼ਗਾਰਦਾਤਾਵਾਂ ਦੇ ਸਰੋਤਾਂ ਲਈ ਕੰਮ ਵਾਲੀ ਥਾਂ 'ਤੇ COVID-19 ਲਈ ਪ੍ਰਤੀਕਿਰਿਆ ਕਰਨ ਵੇਲੇ ਦੇ CDPH ਦੇ ਸਾਥੀ ਸੰਸਾਧਨ ਤੋਂ ਵੀ ਸਲਾਹ ਲੈਣਾ ਚਾਹ ਸਕਦੇ ਹਨ, ਜਿਸ ਵਿੱਚ ਅਤਿਰਿਕਤ ਵੇਰਵੇ ਸ਼ਾਮਲ ਹੁੰਦੇ ਹਨ, ਅਤੇ ਇਸ ਸੋਮੇ ਨੂੰ ਆਪਣੇ ਭਾਈਚਾਰਿਆਂ ਵਿੱਚ ਰੁਜ਼ਗਾਰਦਾਤਾਵਾਂ ਨਾਲ ਸਾਂਝਾ ਕਰੋ।

ਵਾਧੂ ਸਰੋਤਾਂ ਦੇ ਲਿੰਕ ਇਸ ਦਸਤਾਵੇਜ਼ ਦੇ ਅੰਤ ਵਿੱਚ ਮੁਹੱਈਆ ਕੀਤੇ ਗਏ ਹਨ। ਕੰਮ ਦੀਆਂ ਥਾਵਾਂ ‘ਤੇ COVID-19 ਦੇ ਪ੍ਰਕੋਪ ਬਾਰੇ ਹੋਰ ਸਹਾਇਤਾ ਲਈ, LHDs CovOHB@cdph.ca.gov ‘ਤੇ ਈਮੇਲ ਕਰਕੇ CDPH ਤੋਂ ਸਲਾਹ ਲੈ ਸਕਦੇ ਹਨ।

## 1. LHDs ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਕੰਮ ਦੇ ਸਥਾਨਾਂ ਤੇ COVID-19 ਦੇ ਕੇਸਾਂ ਦੀ ਪਛਾਣ ਲਈ ਤਿਆਰ ਰਹਿਣਾ ਚਾਹੀਦਾ ਹੈ।

- ਆਪਣੇ ਸਿਹਤ ਵਿਭਾਗ ਵਿੱਚ ਇੱਕ ਸੰਪਰਕ ਦੇ ਬਿੰਦੂ ਦੀ ਪਛਾਣ ਕਰੋ ਜਿਸ ਰਾਹੀਂ ਤੁਸੀਂ ਰੋਜ਼ਗਾਰਦਾਤਾਵਾਂ ਤੋਂ ਕਰਮਚਾਰੀਆਂ ਵਿੱਚ COVID-19 ਦੇ ਮਾਮਲਿਆਂ ਬਾਰੇ ਸੰਚਾਰ ਪ੍ਰਾਪਤ ਕਰੋਗੇ।
- LHDs COVID-19 ਦੇ ਕੇਸਾਂ ਲਈ ਆਪਣੀ ਖੁਦ ਦੀ ਸਿਫ਼ਾਰਿਸ਼ ਕੀਤੀ ਜਾਂ ਰਿਪੋਰਟ ਕਰਨ ਦੀ ਨਿਰਧਾਰਤ ਕਰ ਸਕਦੇ ਹਨ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰੁਜ਼ਗਾਰਦਾਤਾ ਕਿਸੇ ਵੀ ਵਾਧੂ ਸਿਫ਼ਾਰਿਸ਼ ਕੀਤੀ ਜਾਂ ਲੋੜੀਂਦੀਆਂ ਕਾਰਵਾਈਆਂ ਤੋਂ ਜਾਣੂ ਹੋਣ।
    - LHDs ਨੂੰ ਰੋਜ਼ਗਾਰਦਾਤਾਵਾਂ ਦੇ ਨਾਲ ਕੰਮ ਦੀ ਥਾਂ ਤੇ COVID-19 ਦੇ ਪ੍ਰਕੋਪ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਆਪਣੇ ਤਰਜੀਹੀ ਜ਼ਰੀਏ ਦੇ ਬਾਰੇ ਦੱਸਣਾ ਚਾਹੀਦਾ ਹੈ, ਜਿਵੇਂ ਕਿ ਟੈਲੀਫੋਨ, ਫੈਕਸ, ਈਮੇਲ, ਜਾਂ ਵੈੱਬ ਪੋਰਟਲ।
        - CalCONNECT ਦੀ ਵਰਤੋਂ ਕਰਨ ਵਾਲੇ LHDs ਨੂੰ ਰੁਜ਼ਗਾਰਦਾਤਾਵਾਂ ਨੂੰ ਕੰਮ ਦੀ ਥਾਂ ਤੇ COVID-19 ਦੇ ਪ੍ਰਕੋਪ ਬਾਰੇ ਜਾਣਕਾਰੀ ਦੇਣ ਲਈ ਪ੍ਰਕੋਪ ਦੀ ਟ੍ਰੈਕਿੰਗ ਕਰਨ ਲਈ ਸਾਂਝਾ ਪੋਰਟਲ (SPOT) ਦੀ ਵਰਤੋਂ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ।
    - ਵਾਧੂ ਵੇਰਵਿਆਂ ਲਈ, CDPH ਦੇ ਪ੍ਰਕੋਪ ਦੀ ਪਰਿਭਾਸ਼ਾ ਅਤੇ ਰਿਪੋਰਟਿੰਗ ਬਾਰੇ ਮਾਰਗਦਰਸ਼ਨ ਵੇਖੋ।
- CDPH ਦੇ ਨਾਲ COVID-19 ਕਾਰਜਸਥਾਨ ਮਹਾਂਮਾਰੀ ਦੇ ਬਾਰੇ ਜਾਣਕਾਰੀ ਸਾਂਝੀ ਕਰੋ।
    - ਜੇ ਕੋਈ LHD ਇਹ ਨਿਰਧਾਰਤ ਕਰਦਾ ਹੈ ਕਿ ਕੇਸ ਪ੍ਰਕੋਪ ਦਾ ਗਠਨ ਕਰਦੇ ਹਨ, CDPH ਪ੍ਰਕੋਪ ਦੀ ਪਰਿਭਾਸ਼ਾ ਅਤੇ ਰਿਪੋਰਟਿੰਗ ਬਾਰੇ ਮਾਰਗਦਰਸ਼ਨ ਵਿੱਚ ਪਾਰਿਭਾਸ਼ਿਤ ਕੀਤਾ ਗਿਆ ਹੈ, ਤਾਂ ਇਸ ਪ੍ਰਕੋਪ ਦੀ ਜਾਣਕਾਰੀ CDPH ਨੂੰ CalREDIE ਪ੍ਰਕੋਪ ਮਾਡਿਊਲ ਦੇ ਜਰੀਏ, CalCONNECT ਸੰਪਰਕ ਦੀ ਘਟਨਾ ਦਾ ਫਾਰਮ, ਜਾਂ LHD ਦੇ ਨੇਮੀ ਰਿਪੋਰਟਿੰਗ ਤੰਤ੍ਰ ਦੇ ਜਰੀਏ ਕਰਨੀ ਚਾਹੀਦੀ ਹੈ।

## 2. ਨਿਰਧਾਰਿਤ ਕਰਨਾ ਕਿ ਜਾਣਕਾਰੀ ਸਾਂਝੇਦਾਰਾਂ ਨਾਲ ਕਿਵੇਂ ਸਾਂਝੀ ਕੀਤੀ ਜਾਏ

- ਇੱਕ ਤੋਂ ਵੱਧ ਅਧਿਕਾਰ-ਖੇਤਰਾਂ ਦੇ ਕਰਮਚਾਰੀਆਂ ਵਾਲੀਆਂ ਕੰਮ ਦੀਆਂ ਥਾਂਵਾਂ ‘ਤੇ ਪ੍ਰਕੋਪ ਲਈ, LHD ਨੂੰ ਇੱਕ ਪ੍ਰਕੋਪ ਪ੍ਰਤੀਕਿਰਿਆ ਅਤੇ ਜਾਣਕਾਰੀ ਸਾਂਝਾਕਰਨ ਯੋਜਨਾ ਤਿਆਰ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ।
    - ਆਮ ਤੌਰ ‘ਤੇ, ਜਿਸ ਅਧਿਕਾਰ-ਖੇਤਰ ਵਿੱਚ ਕੰਮ ਦੀਆਂ ਥਾਂ ਹੁੰਦੀ ਹੈ, ਉੱਥੋਂ ਦਾ LHD ਪ੍ਰਕੋਪ ਦੀ ਜਾਂਚ ਦਾ ਪ੍ਰਬੰਧਨ ਕਰਦਾ ਹੈ ਅਤੇ CDPH ਅਤੇ ਹੋਰ ਸੰਬੰਧਿਤ LHDs ਦੇ ਨਾਲ ਪ੍ਰਕੋਪ ਬਾਰੇ ਜਾਣਕਾਰੀ ਸਾਂਝਾ ਕਰਨ ਦੇ ਲਈ ਜੁੰਮੇਵਾਰ ਹੈ।
    - ਅਧਿਕਾਰ ਖੇਤਰਾਂ ਵਿੱਚ ਇਕ ਸਮਝੌਤਾ ਬਣਾਓ ਕਿ ਜਾਂਚ-ਪੜਤਾਲ ਲਈ ਕੇਸਾਂ ਬਾਰੇ ਜਾਣਕਾਰੀ ਕਿਵੇਂ ਸਾਂਝੀ ਕੀਤੀ ਜਾਏਗੀ

- ਕੰਮ ਦੀ ਥਾਂ ਵਿੱਚ ਇਕਰਾਰਨਾਮੇ ਵਾਲੇ ਜਾਂ ਅਸਥਾਈ ਕਰਮਚਾਰੀਆਂ ਦੀ ਮੌਜੂਦਗੀ ਦੀ ਪੁਸ਼ਟੀ ਕਰੋ ਅਤੇ ਇਨ੍ਹਾਂ ਵਿਅਕਤੀਆਂ ਅਤੇ ਉਨ੍ਹਾਂ ਦੇ ਰੁਜ਼ਗਾਰਦਾਤਾਵਾਂ ਨੂੰ ਜਾਣਕਾਰੀ ਅਤੇ ਨਿਰਦੇਸ਼ ਕਿਵੇਂ ਦਿੱਤੇ ਜਾਣਗੇ।
- LHDs ਨੂੰ COVID-19 ਦੇ ਕੇਸਾਂ ਨੂੰ ਰਿਕਾਰਡਿੰਗ ਅਤੇ ਰਿਪੋਰਟਿੰਗ ਜ਼ਰੂਰਤਾਂ ਬਾਰੇ Cal/OSHA ਦੇ ਮਾਰਗਦਰਸ਼ਨ ਤੋਂ ਸਲਾਹ ਲੈਣੀ ਚਾਹੀਦੀ ਹੈ ਅਤੇ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਰੁਜ਼ਗਾਰਦਾਤਾ ਸੋਮਿਆਂ ਅਤੇ ਲੋੜਾਂ ਬਾਰੇ ਜਾਣੂ ਹਨ।
- ਹਰ ਕੰਮ ਵਾਲੀ ਥਾਂ ਵਿਲੱਖਣ ਹੈ ਅਤੇ ਕਈ ਕਾਨੂੰਨਾਂ ਅਤੇ ਨਿਯਮਾਂ ਅਧੀਨ ਕੰਮ ਕਰਦੀ ਹੈ। LHDs ਨੂੰ ਕਿਸੇ ਖਾਸ ਉਦਯੋਗ ਨੂੰ ਇਸ ਆਮ ਸਲਾਹ ਨੂੰ ਸਹੀ ਤਰ੍ਹਾਂ ਅਨੁਕੂਲ ਕਰਨ ਲਈ ਕਰਮਚਾਰੀਆਂ ਦੇ ਵਿਭਾਗਾਂ, ਕਾਨੂੰਨੀ ਵਿਭਾਗਾਂ ਅਤੇ ਮਜ਼ਦੂਰ ਯੂਨੀਅਨਾਂ ਨਾਲ ਤਾਲਮੇਲ ਕਰਨਾ ਚਾਹੀਦਾ ਹੈ।

3. **LHDs ਨੂੰ ਕੰਮ ਵਾਲੀ ਥਾਂ 'ਤੇ ਜਾਂਚ, ਕਰਮਚਾਰੀ ਨੋਟੀਫਿਕੇਸ਼ਨ ਦੀਆਂ ਜ਼ਰੂਰਤਾਂ ਨਾਲ ਜਾਣੂ ਹੋਣਾ ਚਾਹੀਦਾ ਹੈ, ਅਤੇ ਤੁਹਾਡੇ ਅਧਿਕਾਰ ਖੇਤਰ ਵਿੱਚ ਇਹ ਯਕੀਨੀ ਬਣਾਉਣ ਲਈ ਰੁਜ਼ਗਾਰਦਾਤਾਵਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਕਿ ਉਹ ਇਹਨਾਂ ਜ਼ਰੂਰਤਾਂ ਦੀ ਪਾਲਣਾ ਕਰ ਰਹੇ ਹਨ।**

- ਟੈਸਟਿੰਗ, ਸਵੀਕਾਰਯੋਗ ਟੈਸਟ ਦੀਆਂ ਕਿਸਮਾਂ, ਟੈਸਟਿੰਗ ਸਥਾਨਾਂ, ਅਤੇ ਕਾਰਜਾਂ ਨੂੰ ਟੈਸਟ ਕਰਨ ਵਿੱਚ ਹਿੱਸਾ ਲੈਣ ਲਈ ਪੇਸ਼ਕਸ਼ ਕਰਨ ਬਾਰੇ ਵਧੇਰੇ ਜਾਣਕਾਰੀ ਲਈ Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਤੋਂ ਸਲਾਹ ਲਓ।
- LHDs ਨੂੰ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਸੂਚਿਤ ਕਰਨ ਸੰਬੰਧੀ ਇਨ੍ਹਾਂ ਜ਼ਰੂਰਤਾਂ ਬਾਰੇ ਜਾਣੂ ਹਨ ਜਦੋਂ ਕਿ ਕੰਮ ਦੀ ਥਾਂ 'ਤੇ COVID-19 ਕੇਸਾਂ ਦੀ ਪਹਿਚਾਣ ਕੀਤੀ ਜਾਂਦੀ ਹੈ; ਵਧੇਰੇ ਜਾਣਕਾਰੀ ਲਈ ਲੇਬਰ ਕੋਡ 6409.6 ਅਤੇ Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਵਿੱਚ ਵੇਖੋ।
- ਕੁਝ ਵਿਰਲੇ ਹਾਲਾਤਾਂ ਵਿਚ, LHDs ਅਤੇ/ਜਾਂ ਰੁਜ਼ਗਾਰਦਾਤਾ ਕਾਰੋਬਾਰ ਦੇ ਕੰਮਾਂ ਨੂੰ ਮੁਅੱਤਲ ਕਰਨ ਦੀ ਚੋਣ ਕਰ ਸਕਦੇ ਹਨ ਜਦੋਂ ਕੰਮ ਦੀ ਥਾਂ ਤੇ COVID-19 ਪ੍ਰਕੋਪ ਹੋਇਆ ਹੋਵੇ ਅਤੇ ਲਗਾਤਾਰ ਜਾਰੀ ਰਹਿਣ ਵਾਲੇ ਪ੍ਰਸਾਰਣ ਲਈ ਚਿੰਤਾਵਾਂ ਹੋਣ।

4. **ਨਿਰਧਾਰਤ ਕਰੋ ਕਿ ਕੇਸਾਂ ਲਈ ਕੰਮ ਤੇ ਕਦੋਂ ਵਾਪਸ ਆਉਣਾ ਉੱਚਿਤ ਹੈ। ਆਪਣੇ ਅਧਿਕਾਰ-ਖੇਤਰਾਂ ਵਿੱਚ ਇਨ੍ਹਾਂ ਲੋੜਾਂ ਬਾਰੇ ਰੁਜ਼ਗਾਰਦਾਤਾਵਾਂ ਨੂੰ ਦੱਸੋ।**

- LHDs ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਰੁਜ਼ਗਾਰਦਾਤਾ ਅਲੱਗ-ਥਲੱਗ ਰਹਿਣ ਅਤੇ ਕੁਆਰੰਟੀਨ ਬਾਰੇ CDPH ਦੇ ਨਿਰਦੇਸ਼ਾਂ ਦੀ ਸਮੀਖਿਆ ਕਰਦੇ ਹਨ ਤਾਂਕਿ ਉਹ ਨਿਰਧਾਰਤ ਕਰ ਸਕਣ ਕਿ ਜੋ ਕਰਮਚਾਰੀ COVID-19 ਨਾਲ ਪਾਜ਼ਿਟਿਵ ਪਾਏ ਗਏ ਸਨ, ਉਹ ਕਦੋਂ ਕੰਮ 'ਤੇ ਵਾਪਸ ਆ ਸਕਦੇ ਹਨ। Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਅਨੁਸਾਰ ਲੋੜੀਂਦਾ ਹੈ ਕਿ COVID-19 ਵਾਲੇ ਕਰਮਚਾਰੀਆਂ ਨੂੰ ਬਾਹਰ ਰੱਖਣ ਦੀ ਮਿਆਦ ਦਾ ਨਿਰਧਾਰਨ ਕਰਨ ਵੇਲੇ CDPH ਦੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ।
- LHD ਇੰਝ ਵੀ ਕਰ ਸਕਦੇ ਹਨ ਕਿ ਉਹ Cal/OSHA ਵਲੋਂ ਲੋੜੀਂਦੀਆਂ ਕੰਮ-'ਤੇ-ਵਾਪਸੀ ਲੋੜਾਂ ਤੋਂ ਜ਼ਿਆਦਾ ਸਖਤ ਲੋੜਾਂ ਲਾਗੂ ਕਰਨ ਦੀ ਚੋਣ ਕਰਨ।

5. **ਇਹ ਸੁਨਿਸ਼ਚਿਤ ਕਰੋ ਕਿ ਮਾਲਕ ਕੰਮ ਵਾਲੀ ਥਾਂ 'ਤੇ ਲਗਾਤਾਰ ਜਾਰੀ ਪ੍ਰਸਾਰਣ ਨੂੰ ਘਟਾਉਣ ਲਈCDPH ਦੇ ਨਿਰਦੇਸ਼ਾਂ ਅਤੇ Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਦੇ ਅਨੁਕੂਲ ਉੱਚਿਤ ਢੁਕਵੇਂ ਕਦਮ ਚੁੱਕ ਰਹੇ ਹਨ।**

- LHDs ਨੂੰ CAL/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਦੇ ਅਨੁਸਾਰ ਲੋੜੀਂਦੇ ਦੇ ਨਾਲ-ਨਾਲ, ਪ੍ਰਕੋਪਾਂ ਦਾ ਸਾਮ੍ਹਣਾ ਕਰ ਰਹੇ ਰੁਜ਼ਗਾਰਦਾਤਾਵਾਂ ਨਾਲ COVID-19 ਨੂੰ ਘਟਾਉਣ ਦੇ ਤਰੀਕਿਆਂ ਬਾਰੇ ਗੱਲਬਾਤ ਕਰਨੀ ਚਾਹੀਦੀ ਹੈ।
- LHDs ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਰੁਜ਼ਗਾਰਦਾਤਾ ਇਹ ਸਮਝਣ ਲਈ ਕਿ ਇੱਕ ਮਾਸਕ ਦੀ ਗੁਣਵਤਾ ਦਾ ਮੁਲਾਂਕਣ ਕਿਵੇਂ ਕਰਨਾ ਹੈ ਅਤੇ ਮਾਸਕ ਅਤੇ ਸਾਹ ਲੈਣ ਵਾਲੇ ਯੰਤਰ ਵਿਚਕਾਰ ਅੰਤਰ ਕਰਨ ਲਈ CDPH ਦੇ ਮਾਸਕ ਲਾਉਣ ਦਾ ਵੱਧ ਤੋਂ ਵੱਧ ਲਾਹਾ ਲਓ ਸੰਬੰਧੀ ਮਾਰਗਦਰਸ਼ਨ ਬਾਰੇ ਜਾਣੂ ਹਨ।
    - ਰੁਜ਼ਗਾਰਦਾਤਾਵਾਂ ਨੂੰ ਚੰਗੀ ਫਿਟ ਅਤੇ ਫਿਲਟ੍ਰੇਸ਼ਨ ਵਾਲੇ ਮਾਸਕ ਪ੍ਰਦਾਨ ਕਰਨੇ ਚਾਹੀਦੇ ਹਨ, ਜਿਵੇਂ ਕਿ CDPH ਦੇ ਮਾਸਕ ਲਾਉਣ ਦਾ ਵੱਧ ਤੋਂ ਵੱਧ ਲਾਹਾ ਲਓ ਸੰਬੰਧੀ ਮਾਰਗਦਰਸ਼ਨ ਵਿੱਚ ਵੇਰਵਾ ਦਿੱਤਾ ਗਿਆ ਹੈ।
    - ਉੱਚ-ਜੋਖਮ ਵਾਲੀਆਂ ਸਥਿਤੀਆਂ ਵਿੱਚ, ਜਿਵੇਂ ਕਿ ਬਹੁਤ ਜ਼ਿਆਦਾ ਲੋਕਾਂ ਵਾਲੇ ਕੰਮ ਦੇ ਸਥਾਨ ਜਾਂ ਕੰਮ ਦੇ ਸਥਾਨ ਦੇ ਪ੍ਰਕੋਪਾਂ ਦੌਰਾਨ, ਜਾਂ ਜਦੋਂ ਕਮਿਯੂਨਿਟੀ ਵਿੱਚ ਛੂਤਕਾਰੀ ਕੇਸ ਜ਼ਿਆਦਾ ਹੋ ਗਏ ਹਨ, ਤਾਂ ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਨੂੰ ਸਾਹ ਲੈਣ ਵਾਲੇ NIOSH-ਦੁਆਰਾ ਮਨਜ਼ੂਰ ਕੀਤੇ N95 ਰੈਸਪਿਰੇਟਰ ਪ੍ਰਦਾਨ ਕਰਨਾ ਚਾਹੀਦਾ ਹੈ।
- ਇਹ ਸਮਝਣ ਲਈ ਕਿ ਕਰਮਚਾਰੀਆਂ ਲਈ ਕਿਹੜੇ ਮਾਸਕ ਜਾਂ ਸਾਹ ਲੈਣ ਵਾਲਿਆਂ ਦੀ ਜ਼ਰੂਰਤ ਹੁੰਦੀ ਹੈ ਅਤੇ ਕਿਹੜੇ ਵਾਧੂ ਸੁਰੱਖਿਆ ਉਪਾਅ ਕੀਤੇ ਜਾਣੇ ਲਾਜ਼ਮੀ ਹਨ, Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਤੋਂ ਸਲਾਹ ਲਓ।

- COVID-19 ਰੋਕਥਾਮ ਸੰਬੰਧੀ ਨਿਯਮਾਂ ਅਤੇ CDPH ਅੰਦਰੂਨੀ ਥਾਂਵਾਂ ਵਿੱਚ ਹਵਾਦਾਰੀ, ਫਿਲਟ੍ਰੇਸ਼ਨ ਅਤੇ ਹਵਾ ਦੀ ਕੁਆਲਿਟੀ ਲਈ ਅੰਤਰਿਮ ਮਾਰਗਦਰਸ਼ਨ ਦੇ ਅਨੁਕੂਲ ਹਵਾਦਾਰੀ ਦੇ ਤਰੀਕਿਆਂ ਦੀ ਸਮੀਖਿਆ ਕਰੋ ਅਤੇ ਉਨ੍ਹਾਂ ਨੂੰ ਲਾਗੂ ਕਰੋ।
- ਜਿੱਥੇ ਵੀ ਉਚਿਤ ਹੋਵੇ, LHD ਕਾਰਜਸਥਾਨ-ਵਿਸ਼ੇਸ਼ ਜੋਖਮ ਕਾਰਕਾਂ ਅਤੇ ਉਚਿਤ ਰਾਹਤ ਉਪਰਾਲਿਆਂ ਬਾਰੇ ਵਾਧੂ ਜਾਣਕਾਰੀ ਪ੍ਰਾਪਤ ਕਰਨ ਲਈ ਰੋਜ਼ਗਾਰਦਾਤਾਵਾਂ ਕੋਲ ਸਾਈਟ ਦੌਰੇ ਕਰਨਾ ਚਾਹ ਸਕਦੇ ਹਨ।

### *ਵਾਧੂ Cal/OSHA ਸੋਮੇ*

- Cal/OSHA COVID-19 ਵੈੱਬਪੇਜ਼
  - COVID-19 ਰੋਕਥਾਮ ਗੈਰ-ਸੰਕਟਕਾਲੀਨ ਨਿਯਮ, ਸੋਮੇ ਅਤੇ ਅਕਸਰ ਪੁੱਛੇ ਜਾਂਦੇ ਸਵਾਲ
  - COVID-19 ਕੇਸਾਂ ਨੂੰ ਰਿਕਾਰਡ ਕਰਨ ਅਤੇ ਰਿਪੋਰਟ ਕਰਨ ਸੰਬੰਧੀ ਲੋੜਾਂ

### *ਵਾਧੂ CDPH ਸੋਮੇ*

- CDPH ਕਿੱਤਾਮੁਖੀ ਸਿਹਤ ਸ਼ਾਖਾ: COVID-19 ਅਤੇ ਕੰਮ ਦੀ ਥਾਂ
- CDPH ਅੰਦਰੂਨੀ ਥਾਂਵਾਂ ਵਿੱਚ ਹਵਾਦਾਰੀ, ਫਿਲਟ੍ਰੇਸ਼ਨ ਅਤੇ ਹਵਾ ਦੀ ਕੁਆਲਿਟੀ ਲਈ ਅੰਤਰਿਮ ਮਾਰਗਦਰਸ਼ਨ
  - COVID-19 ਅਤੇ ਅੰਦਰੂਨੀ ਥਾਂ ਤੇ ਹਵਾ ਦੀ ਗੁਣਵੱਤਾ ਬਾਰੇ ਹਵਾਦਾਰੀ ਸੁਝਾਓ
- COVID-19 ਬਿਮਾਰੀ ਤੇ ਕੰਟ੍ਰੋਲ ਅਤੇ ਰੋਕਥਾਮ ਲਈ ਰਾਜ ਦਾ ਪਬਲਿਕ ਹੈਲਥ ਆਰਡਰ
- AB 685 COVID-19 ਕੰਮ ਦੀ ਥਾਂ ਤੇ ਪ੍ਰਕੋਪ ਲਈ ਰਿਪੋਰਟਿੰਗ ਸੰਬੰਧੀ ਲੋੜਾਂ
- COVID-19 ਪ੍ਰਕੋਪ ਦੀ ਪਰਿਭਾਸ਼ਾਵਾਂ ਅਤੇ LHDs ਲਈ ਰਿਪੋਰਟਿੰਗ ਸੰਬੰਧੀ ਲੋੜਾਂ

ਮੂਲ ਰੂਪ ਵਿੱਚ 16 ਜੂਨ, 2020 ਨੂੰ ਪ੍ਰਕਾਸ਼ਿਤ ਕੀਤਾ ਗਿਆ